ਵਿਚਾਰ-ਚਰਚਾ — ਗੁਰਸ਼ਰਨ ਸਿੰਘ

# ਪੰਜਾਬ ਕਲਾ ਪ੍ਰੀਸ਼ਦ ਦੀ ਗੱਲ ਵਾਰ-ਵਾਰ ਕਰਨੀ ਬਣਦੀ ਹੈ

ਪੰਜਾਬ ਕਲਾ ਪ੍ਰੀਸ਼ਦ ਦੀ ਮੁੱਖ ਪ੍ਰਬੰਧਕੀ ਜੋੜੀ ਡਾ. ਹਰਚਰਨ ਸਿੰਘ ਅਤੇ ਐਚ.ਐਸ. ਭੱਟੀ ਨੇ ਹੁਣ ਇਹ ਫ਼ੈਸਲਾ ਲੈ ਲਿਆ ਲੱਗਦਾ ਹੈ ਕਿ ਉਹ ਭੱਟੀ ਸਾਹਿਬ ਦੀ ਜ਼ਿਦ ਪੂਰੀ ਕਰਨਗੇ, ਭਾਵੇਂ ਪੰਜਾਬ ਦੀ ਕਲਾ ਜਾਂ ਪੰਜਾਬ ਕਲਾ ਪ੍ਰੀਸ਼ਦ ਖੇਹ ਹੋ ਜਾਵੇ ਜਾਂ ਥੇਹ ਹੋ ਜਾਵੇ। 9 ਵਿਚੋਂ 4 ਮੁਲਾਜ਼ਮ ਪਹਿਲੇ ਹੀ ਕੱਢ ਦਿੱਤੇ ਗਏ ਹਨ ਤੇ ਬਾਕੀਆਂ 5 ਨੇ ਪਿਛਲੇ ਦੋ ਮਹੀਨਿਆਂ ਤੋਂ ਤਨਖ਼ਾਹ ਨਹੀਂ ਲਈ ਕਿਉਂਕਿ ਨਵੇਂ ਨੌਕਰੀ ਕਰਨ ਦੇ ਕਾਇਦੇ ਜੋ ਭੱਟੀ ਸਾਹਿਬ ਦੀ ਦਿਮਾਗ਼ ਦੀ ਕਾਢ ਹਨ, ਉਹ ਉਹਨਾਂ ਨੂੰ ਮਨਜ਼ੂਰ ਨਹੀਂ। ਉਹ ਮਨਜ਼ੂਰ ਹੋ ਵੀ ਨਹੀਂ ਸਕਦੇ ਕਿਉਂਕਿ ਇਕ ਨੀਮ ਸਰਕਾਰੀ ਅਦਾਰੇ ਦੀ ਨੌਕਰੀ ਦੀ ਥਾਂ ਉਹ ਕਿਸੇ ਪ੍ਰਾਈਵੇਟ ਮਾਲਕ ਦੀ ਨੌਕਰੀ ਕਰਨ ਦੇ ਬਰਾਬਰ ਨੌਕਰ ਬਣਾ ਦਿੱਤੇ ਜਾਣਗੇ। ਉਹਨਾਂ ਦੀ ਨੌਕਰੀ ਦੀ ਕੋਈ ਸੁਰੱਖਿਆ ਨਹੀਂ ਹੋਵੇਗੀ। ਕਿਸੇ ਨਵੇਂ ਮੁਲਾਜ਼ਮ ਲਈ ਤਾਂ ਕੋਈ ਨਵਾਂ ਕਾਨੂੰਨ ਲਗਾਇਆ ਜਾ ਸਕਦਾ ਹੈ, ਪਰ ਜਿਹੜੇ 17-18 ਸਾਲਾਂ ਤੋਂ ਨੌਕਰੀ ਕਰ ਰਹੇ ਹਨ, ਉਹਨਾਂ ਨੂੰ ਮਜਬੂਰ ਨਹੀਂ ਕੀਤਾ ਜਾ ਸਕਦਾ। 18-20 ਸਾਲ ਜੇਕਰ ਸਾਰਾ ਰਿਕਾਰਡ ਠੀਕ ਨਹੀਂ ਕੀਤਾ ਗਿਆ ਜਾਂ ਕੰਮ ਕਰ ਰਹੇ ਮੁਲਾਜ਼ਮਾਂ ਨੂੰ ਬਕਾਇਦਾ ਨਿਯੁਕਤੀ ਪੱਤਰ ਨਹੀਂ ਦਿੱਤੇ ਗਏ ਤਾਂ ਇਹਦਾ ਕਸੂਰ ਮੁਲਾਜ਼ਮਾਂ ਦਾ ਨਹੀਂ ਹੈ। ਉਹਨਾਂ ਨੂੰ ਤਨਖਾਹ ਵੀ ਮਿਲਦੀ ਰਹੀ ਹੈ ਅਤੇ ਪ੍ਰਾਵੀਡੈਂਟ ਫੰਡ ਵੀ ਕੱਟਦਾ ਰਿਹਾ ਹੈ। ਨਵੀਆਂ ਸ਼ਰਤਾਂ ਨਵਿਆਂ 'ਤੇ ਲੱਗਦੀਆਂ ਹਨ। ਪੁਰਾਣਿਆਂ ਤੇ ਉਹਨਾਂ ਦੀ ਮਰਜ਼ੀ ਬਿਨਾ ਨਹੀਂ ਲੱਗਦੀਆਂ। ਸਾਰਾ ਗੁੱਸਾ ਮੁਲਾਜ਼ਮਾਂ 'ਤੇ ਕਿਉਂ ਪਏ ਕੱਢਦੇ ਹੋ? ਕਲਾ ਵਾਸਤੇ ਕੰਮ ਕੋਈ ਕਰਨਾ ਨਹੀਂ, ਐਵੇਂ ਧਾਂਦਲੀ ਜਿਹੀ ਪਾ ਦਿੱਤੀ ਹੈ। ਧਿਆਨ ਹੀ ਨਿਗੂਣੀਆਂ ਗੱਲਾਂ ਵੱਲ ਲਾ ਦਿੱਤਾ ਹੈ। ਪਨਵਾਇਰ ਵਿਚ ਡੁੱਬਿਆ ਹੋਇਆ 65 ਲੱਖ ਕਿਸ ਤਰ੍ਹਾਂ ਵਾਪਸ ਆਏ ਉਹਦੇ ਵੱਲ ਧਿਆਨ ਨਹੀਂ ਦੇਣਾ। ਕੀ ਬਾਕੀ 30 ਲੱਖ ਦੇ ਸੂਦ ਨਾਲ ਕਲਾ ਪ੍ਰੀਸ਼ਦ ਚੱਲ ਸਕਦੀ ਹੈ?

ਪੰਜਾਬ ਦੇ ਗਵਰਨਰ ਨੇ ਪਿਛਲੇ ਹਫ਼ਤੇ ਅਸੈਂਬਲੀ ਵਿਚ ਬੋਲਦੇ ਨੀਤੀ ਬਿਆਨ ਵਿਚ ਇਹ ਦਾਅਵਾ ਕੀਤਾ ਹੈ ਕਿ ਪੰਜਾਬ ਸਰਕਾਰ ਨੂੰ ਕੋਈ ਵਿੱਤੀ ਸੰਕਟ ਨਹੀਂ। ਫੇਰ ਸਰਕਾਰੀ ਅਦਾਰੇ ਵਿਚ ਡੁੱਬੇ ਹੋਏ ਪੈਸੇ ਬਦਲੇ ਕਲਾ ਪ੍ਰੀਸ਼ਦ ਨੂੰ ਆਰਜ਼ੀ ਰਾਹਤ ਕਿਉਂ ਨਹੀਂ ਦਿੱਤੀ ਜਾ ਸਕਦੀ? ਪਟਿਆਲਾ ਦੇ ਥੀਏਟਰ ਕਲਾਕਾਰ ਕੈਪਟਨ ਕੰਵਲਜੀਤ ਸਿੰਘ ਨੂੰ ਮਿਲੇ ਹਨ। ਕੈਪਟਨ ਹੋਰਾਂ ਨੇ ਉਹਨਾਂ ਨੂੰ ਯਕੀਨ ਦਿਵਾਇਆ ਹੈ ਕਿ ਪੰਜਾਬ ਦੀ ਥੀਏਟਰ ਲਹਿਰ ਉਹ ਜ਼ਰੂਰ ਕੁਝ ਨਾ ਕੁਝ ਉਪਰਾਲਾ ਕਰਨਗੇ। ਵਿੱਤ ਮੰਤਰੀ ਦੇ ਉਪਰਾਲੇ ਦਾ ਮਤਲਬ ਹੁੰਦਾ ਹੈ ਕਿ ਉਹ ਵਿੱਤੀ ਸਹਾਇਤਾ ਦੇਣਗੇ। ਕੀ ਪੰਜਾਬ ਕਲਾ ਪ੍ਰੀਸ਼ਦ ਨੇ ਵਿੱਤ ਮੰਤਰੀ ਨੂੰ ਮਿਲਣ ਦਾ ਯਤਨ ਕੀਤਾ ਹੈ? ਨਹੀਂ ਕੋਈ ਨਹੀਂ ਕੀਤਾ। ਉਹਨਾਂ ਨੇ ਤਾਂ ਮੁਲਾਜ਼ਮਾਂ 'ਤੇ ਹੀ ਕੁਹਾੜਾ ਚਲਾਉਣਾ ਹੈ। ਦੇਸ਼ ਵਿਚ ਬੇਰੁਜ਼ਗਾਰੀ ਹੈ, ਉਹਦਾ ਫ਼ਾਇਦਾ ਉਠਾਉਣਾ ਹੈ ਕਿ ਗ਼ਰੀਬ ਮੁਲਾਜ਼ਮ ਗੋਡੇ ਟੇਕਣ 'ਤੇ ਮਜਬੂਰ ਹੋ ਜਾਣ। ਕਚਹਿਰੀਆਂ ਵਿਚ ਧੱਕੇ ਖਾਂਦੇ ਰਹਿਣ। ਇਹ ਪ੍ਰਬੰਧਕੀ ਜੋੜੀ ਦੀ ਪੰਜਾਬ ਦੀ ਕਲਾ ਨੂੰ ਦੇਣ ਹੈ।

ਇਕ ਬੜੇ ਲੰਮੇ ਚੌੜੇ ਬਿਆਨ ਰਾਹੀਂ ਪਿੰਡਾਂ ਵਿਚ ਖੁੱਲ੍ਹੇ ਰੰਗਮੰਚ ਬਣਾਉਣ ਦੀ ਤਜਵੀਜ਼ ਪੰਜਾਬ ਦੇ ਲੋਕਾਂ ਅੱਗੇ ਰੱਖੀ ਹੈ। ਇਹ ਪੰਜਾਬ ਦਾ ਹਰ ਬੰਦਾ ਜਾਣਦਾ ਹੈ ਕਿ ਜ਼ਮੀਨ ਦਾ ਲੈਣ ਦੇਣ, ਰਜਿਸਟਰੀਆਂ ਕਰਵਾਉਣ ਆਦਿਕ ਦਾ ਜੋ ਸਾਰਾ ਅਮਲ ਹੈ ਉਹ ਏਨਾ ਪੇਚੀਦਾ ਹੈ ਕਿ ਜਿੰਨਾ ਚਿਰ ਕੋਈ ਸਿਰੜੀ ਬੰਦਾ ਦਿਨ-ਰਾਤ ਉਸ ਸਾਰੇ ਕੰਮ ਦੇ ਮਗਰ ਨਹੀਂ ਲੱਗਦਾ, ਉਹ ਕੰਮ ਸਿਰੇ ਚੜ੍ਹ ਹੀ ਨਹੀਂ ਸਕਦਾ। ਇਹ ਸਿਰੜੀ ਬੰਦਾ ਕਿੱਥੋਂ ਲਭੇਗਾ? ਕੀ ਕੋਈ ਸਰਪੰਚ ਜਾਂ ਕਲਾ ਪ੍ਰੇਮੀ ਇਹ ਕੰਮ ਕਰ ਸਕਦਾ ਹੈ? ਬਿਲਕੁਲ ਨਹੀਂ। ਇਹ ਪੰਜਾਬ ਕਲਾ ਪ੍ਰੀਸ਼ਦ ਦੇ ਵੱਸ ਦਾ ਰੋਗ ਨਹੀਂ। ਹਾਂ ਪੰਜਾਬ ਸਰਕਾਰ ਦਾ ਸਭਿਆਚਾਰਕ ਮਾਮਲੇ ਦਾ ਵਿਭਾਗ ਹੀ ਇਹ ਕੰਮ ਆਪਣੇ ਜ਼ਿੰਮੇ ਲੈਣ ਯੋਗ ਹੋ ਸਕਦਾ ਹੈ। ਪੰਜਾਬ ਕਲਾ ਪ੍ਰੀਸ਼ਦ ਦੀ ਇਹ ਸਾਰੀ ਸਕੀਮ ਹਵਾ ਵਿਚ ਹੀ ਹੈ। ਜੇ ਇਹ ਖੁੱਲ੍ਹੇ ਮੰਚ ਵਾਲੇ ਥੀਏਟਰ ਬਣ ਵੀ ਜਾਣ ਤਾਂ ਇਹਨਾਂ ਦੀ ਸੰਭਾਲ ਕੌਣ ਕਰੇਗਾ। ਖੱਟਕੜ ਕਲਾਂ ਵਿਚ ਮੇਲੇ ਵਾਲੀ ਥਾਂ 'ਤੇ ਬਲਰਾਜ ਸਾਹਨੀ ਦੀ ਯਾਦ ਵਿਚ ਕੁਝ ਸਾਲ ਪਹਿਲੇ ਬਣਾਇਆ ਤੇ ਹੁਣ ਖੰਡਰ ਹੋਇਆ ਖੁੱਲ੍ਹਾ ਮੰਚ ਇਹਦੀ ਮਿਸਾਲ ਹੈ। ਰਿਕਾਰਡ ਦੱਸਦਾ ਹੈ ਕਿ ਕਲਾ ਪ੍ਰੀਸ਼ਦ ਵੱਲੋਂ ਇਹ ਥੀਏਟਰ ਬਣਾਉਣ ਲਈ ਅਤੇ ਇਹਦੇ ਲਈ ਰੌਸ਼ਨੀ ਤੇ ਆਵਾਜ਼ ਦੀਆਂ ਸਹੂਲਤਾਂ ਮੁਹੱਈਆ ਕੀਤੀਆਂ ਗਈਆਂ ਸਨ। ਸਭ ਕੁਝ ਕਿੱਥੇ ਹੈ? ਸਾਂਝੀ ਮਾਲਕੀ ਦੀ ਚੀਜ਼ ਕਿਸ ਤਰ੍ਹਾਂ ਸੰਭਾਲੀ ਜਾ ਸਕਦੀ ਹੈ? ਐਵੇਂ ਏਧਰ ਉੱਧਰ ਦੀਆਂ ਗੱਲਾਂ ਕਰਕੇ ਪ੍ਰਬੰਧਕੀ ਜੋੜੀ ਆਪਣਾ ਡੰਗ ਟਪਾ ਰਹੀ ਹੈ। ਪੰਜਾਬ ਵਿਚ ਦੋ ਹੀ ਖੁੱਲ੍ਹੇ ਮੰਚ ਹਨ। ਇਹ ਮਾਨਸਾ ਦੇ ਨੇੜੇ ਕੋਟ ਲਲੂ ਅਤੇ ਇਕ ਲੁਧਿਆਣਾ ਜ਼ਿਲ੍ਹੇ ਵਿਚ ਨਾਰੰਗਵਾਲ ਦਾ ਹੈ। ਇਹਨਾਂ ਦਾ ਆਪਣਾ ਇਤਿਹਾਸ ਹੈ, ਇਹ ਦੋਨੋਂ ਪੰਚਾਇਤ ਦੀ ਮਲਕੀਅਤ ਹਨ। ਇਹਨਾਂ ਵਿਚ ਕੋਈ ਸਰਕਾਰੀ ਦਖ਼ਲ ਨਹੀਂ ਸੀ। ਖੁੱਲ੍ਹੇ ਰੰਗਮੰਚ ਦੀ ਸਕੀਮ ਇਕ ਚੰਗੀ ਸਕੀਮ ਹੁੰਦਿਆਂ ਹੋਇਆ ਵੀ ਪੰਜਾਬ ਕਲਾ ਪ੍ਰੀਸ਼ਦ ਇਸ ਨੂੰ ਸਿਰੇ ਚੜ੍ਹਾਉਣ ਦੇ ਯੋਗ ਨਹੀਂ ਹੋ ਸਕਦਾ। ਇਹਦੇ ਲਈ ਲੋੜੀਂਦੀ ਮਾਨਵ ਸ਼ਕਤੀ ਕਿੱਥੇ ਹੈ? ਇਹ 'ਪੱਲੇ ਨਹੀਂ ਧੇਲ੍ਹਾ ਕਰਦੀ ਮੇਲਾ-ਮੇਲਾ' ਵਾਲੀ ਹੀ ਗੱਲ ਹੈ।

ਪੰਜਾਬ ਕਲਾ ਭਵਨ ਵਿਚ ਇਕ ਆਡੀਟੋਰੀਅਮ ਬਣਾਉਣ ਦਾ ਵੀ ਪ੍ਰਾਜੈਕਟ ਹੈ। ਇੰਦਰ ਕੁਮਾਰ ਗੁਜਰਾਲ ਇਹਦਾ ਨੀਂਹ ਪੱਥਰ ਰੱਖ ਗਏ ਹਨ। ਇਹ ਨੀਂਹ ਪੱਥਰ ਰਖਵਾਉਣ ਦਾ ਫੁਰਨਾ ਵੀ ਭੱਟੀ ਸਾਹਿਬ ਨੂੰ ਫੁਰਿਆ ਸੀ। ਕਿਸੇ ਕਮੇਟੀ ਦਾ ਫ਼ੈਸਲਾ ਨਹੀਂ। ਪਹਿਲੇ ਇਹ ਬਾਦਲ ਸਾਹਿਬ ਨੇ ਰੱਖਣਾ ਸੀ। ਬਾਦਲ ਸਾਹਿਬ ਵਾਲਾ ਨੀਂਹ ਪੱਥਰ ਕਲਾ ਭਵਨ ਦੇ ਕਿਸੇ ਸਟੋਰ ਵਿਚ ਜ਼ਰੂਰ ਮੌਜੂਦ ਹੋਣਾ ਹੈ। ਗੁਜਰਾਲ ਸਾਹਿਬ ਸਾਬਕਾ ਪ੍ਰਧਾਨ ਮੰਤਰੀ ਜ਼ਰੂਰ ਹਨ ਪਰ ਹੁਣ ਉਹ ਸਾਬਕਾ ਹੀ ਹਨ। ਉਹਨਾਂ ਕੋਲ ਦੇਣ ਲਈ ਕੁਝ ਨਹੀਂ। ਪ੍ਰਾਜੈਕਟ ਵਿਚ ਸ਼ਬਾਨਾ ਆਜ਼ਮੀ, ਕੁਲਦੀਪ ਨਈਅਰ, ਦੁੱਗਲ, ਰਾਜ ਬੱਬਰ ਆਦਿ ਦੇ ਨਾਂ ਵੀ ਲਏ ਜਾਂਦੇ ਹਨ। ਇਹ ਆਡੀਟੋਰੀਅਮ ਵੀ ਸੁਪਨਾ ਹੋ ਕੇ ਰਹਿ ਜਾਣਾ ਹੈ। ਕਲਚਰ ਹਰ ਥਾਂ ਕੰਮ ਨਹੀਂ ਕਰਦੀ। ਹਾਲਾਤ ਦੱਸਦੇ ਹਨ ਕਿ ਪੰਜਾਬ ਕਲਾ ਪ੍ਰੀਸ਼ਦ ਦਾ ਜਦੋਂ ਕੋਈ ਜ਼ਿਕਰ ਆਵੇਗਾ ਤਾਂ ਡਾ. ਹਰਚਰਨ ਸਿੰਘ ਤੇ ਉਹਨਾਂ ਦੇ ਮੋਢਿਆਂ 'ਤੇ ਬੰਦੂਕ ਰੱਖਕੇ ਚਲਾਉਣ ਵਾਲੇ ਭੱਟੀ ਸਾਹਿਬ ਦਾ ਨਾਂ ਕਾਲੇ ਅੱਖਰਾਂ ਵਿਚ ਲਿਖਿਆ ਜਾਏਗਾ। ਭਾਵੇਂ ਹਰ ਕਲਾ ਪ੍ਰੇਮੀ ਇਹ ਚਾਹੇਗਾ ਕਿ ਇਸ ਤਰ੍ਹਾਂ ਨਾ ਹੋਵੇ।